# ਬਾਲ ਮਾਨਸਿਕਤਾ ਤੇ ਬਾਲ ਸਾਹਿਤ ਤੇ ਪ੍ਰੌੜ ਪਾਠਕ ਨਾ ਬਣ ਸਕਣ ਦੇ ਕਾਰਨ

ਅੱਜ ਬੱਚਿਆਂ ਦੇ ਹੱਥਾਂ ’ਚੋਂ ਲੈ ਕੇ ਪ੍ਰੌੜ ਪਾਠਕਾਂ ਦੇ ਹੱਥਾਂ ’ਚੋਂ ਕਿਤਾਬ ਛੁੱਟਣ ਕਾਰਨ ਅੰਧਕਾਰ ਦੀ ਖੱਡ ਵਿਚ ਡਿੱਗ ਰਹੀ ਮਾਨਵਤਾ ਬਾਰੇ ਸਭ ਸੁਹਿਰਦ ਤੇ ਬੌਧਿਕ ਪੱਖੋਂ ਚੇਤੰਨ ਲੋਕ ਫਿਕਰਮੰਦ ਹਨ। ਉਹਨਾਂ ਦਾ ਫਿਕਰਮੰਦ ਹੋਣਾ, ਦੇਸ਼, ਸੂਬੇ ਤੇ ਸਮਾਜ ਦੀ ਬਿਹਤਰੀ ਲਈ ਜ਼ਰੂਰੀ ਹੈ।

ਵਿਦਵਾਨਾਂ ਵਿਚ ਇਸਦੇ ਕਈ ਪੱਖਾਂ ਤੇ ਪਹੁੰਚਣਾ ਪੈ ਰਿਹਾ ਹੈ। ਕਿ ਧਿਰ ਇਹ ਮਹਿਸੂਸ ਕਰਦੀ ਹੈ ਕਿ ਬਾਲ ਸਾਹਿਤ ਦੀ ਘਾਟ ਹੈ ਤੇ ਬੱਚਿਆਂ ਨੂੰ ਕਿਤਾਬਾਂ ਨਾਲ ਜੋੜਨ ਦੇ ਬੜੇ ਉਪਰਾਲੇ ਨਹੀਂ ਹੋ ਰਹੇ। ਦੂਸਰੇ ਪਾਸੇ ਪਾਠਕਾਂ ਦੇ ਘਟਣ ਦੀ ਗਿਣਤੀ ਨੂੰ ਲੈ ਕੇ ਇਕ ਧਿਰ ਫ਼ਿਕਰਮੰਦ ਹੈ। ਤੀਸਰੀ ਧਿਰ ਇਹ ਦਲੀਲ ਦਿੰਦੀ ਹੈ ਕਿ ਲੇਖਕ ਵਧ ਗਏ ਹਨ ਤੇ ਪਾਠਕ ਘੱਟ ਰਹੇ ਹਨ। ਇਸਦੇ ਨਾਲ ਹੀ ਸਾਹਿਤਕ ਮਿਆਰ ਵੀ ਘਟਿਆ ਹੈ।

ਹਾਲਾਂਕਿ ਅਜਿਹਾ ਕੁਝ ਵੀ ਨਹੀਂ ਹੋਇਆ ਹੈ। ਸਾਹਿਤਕਾਰ ਸੁਹਿਰਦਤਾ ਨਾਲ ਆਪਣਾ ਫਰਜ਼ ਨਿਭਾਅ ਰਹੇ ਹਨ। ਸਿਰਫ਼ ਲੱਚਰ ਗੀਤ ਲਿਖਣ ਵਾਲਿਆਂ ਨੂੰ ਛੱਡ ਕੇ ਸਭ ਕਲਮਕਾਰ ਆਪਣੀਆਂ ਉੱਤਮ ਲਿਖਤਾਂ ਰਾਹੀਂ ਆਪੋ ਆਪਣਾ ਯੋਗਦਾਨ ਪਾ ਰਹੇ ਹਨ। ਪਾਠਕ ਨਾ ਬਣਨ ਜਾਂ ਘਟਣ ਦੇ ਪਿੱਛੇ ਸਮਾਜ ਦੀ ਸੁਆਰਥੀ ਤੇ ਖੰਢੀ ਹੋਈ ਸੋਚ ਦੇ ਨਾਲ-ਨਾਲ ਸਰਕਾਰੀ ਨੀਤੀਆਂ ਵੀ ਜ਼ੁੰਮੇਵਾਰ ਹਨ ਜਿਨ੍ਹਾਂ ਦੀ ਚਰਚਾ ਕਰਨ ਤੋਂ ਕਈ ਵਿਦਵਾਨ ਪੁਣੇ ਪਰਖੇ ਬਿਨਾਂ ਹਨ੍ਹੇਰੇ ’ਚ ਤੀਰ ਚਲਾਈ ਜਾ ਰਹੇ ਹਨ। ਸਭ ਤੋਂ ਪਹਿਲਾਂ ਅਸੀਂ ਸਮਾਜਿਕ ਪੱਖ ਲਵਾਂਗੇ।

ਜਨਮ ਲੈਣ ਤੋਂ ਬਾਅਦ ਹਰ ਬੱਚਾ ਆਪਣੇ ਆਲੇ-ਦੁਆਲੇ ਤੋਂ ਵਾਕਫ਼ ਹੁੰਦਾ ਹੈ। ਫਿਰ ਵੱਖ-ਵੱਖ ਰਿਸ਼ਤਿਆਂ ਤੋਂ ਜਾਣੂੰ ਹੁੰਦਾ ਹੈ। ਫਿਰ ਸੁਆਣੀਆਂ (ਘਰੇਲੂ ਕੰਮਕਾਰੀ ਔਰਤਾਂ) ਬੱਚੇ ਦੇ ਸਾਹਮਣੇ ਰੰਗਦਾਰ ਟੈਲੀਵਿਜ਼ਨ ਜਾਂ ਐਲ.ਸੀ.ਡੀ. ਚਲਾ ਕੇ ਘਰੇਲੂ ਕੰਮਕਾਜ ਵਿਚ ਖਚਤ ਹੋ ਜਾਂਦੀਆਂ ਹਨ। ਪਹਿਲੇ ਸਮਿਆਂ ’ਚ ਬੱਚਿਆਂ ਨੂੰ ਕੰਮਕਾਰ ਖੁੰਭਾ (ਲੱਕੜ ਦਾ ਇਕ ਖਿਡੌਣਾ) ਰੰਗ-ਬਿਰੰਗੀਆਂ ਲੀਰਾਂ ਦੀ ਗੁੰਝਲ ਦੇ ਕੇ ਪਰਚਾਉਂਦੇ ਸਨ ਕਿਉਂਕਿ ਬਾਲ ਮਾਨਸਿਕਤਾ ਰੰਗਾਂ ਵੱਲ ਵੱਧ ਆਕਰਸ਼ਿਤ ਹੁੰਦੀ ਹੈ। ਵਰਤਮਾਨ ਸਮੇਂ ਵਿਚ ਬੱਚਾ ਚੱਲ ਰਹੇ ਟੈਲੀਵਿਜ਼ਨ ਜਾਂ ਐਲ.ਸੀ.ਡੀ. ਨੂੰ ਖਿਡੌਣਾ ਸਮਝ ਕੇ ਲੱਤਾਂ ਬਾਹਾਂ ਮਾਰਦਾ ਹੈ, ਖੇਡਦਾ ਹੈ। ਖੁਸ਼ ਹੋਏ ਮਾਂ-ਬਾਪ ਆਪਣੇ ਕੰਮ ਧੰਦਿਆਂ ਵਿਚ ਮਸ਼ਰੂਫ਼ ਹੋ ਜਾਂਦੇ ਹਨ। ਉਹ ਬੱਚੇ ਦੀ ਰੋਣ ਦੀ ਆਵਾਜ਼ ਨੂੰ ਭੁੱਖ ਲੱਗੀ ਹੋਣ ਦਾ ਇਸ਼ਾਰਾ ਸਮਝ ਕੇ ਨਿਪਲ ਵਾਲੀ ਬੋਤਲ ਮੂੰਹ ’ਚ ਦੇ ਕੇ ਸੁਰਖ਼ਰੂ ਹੋ ਜਾਂਦੇ ਹਨ। ਵਰਤਮਾਨ ਸਮੇਂ ਦੇ ਦਾਦਿਆਂ-ਦਾਦੀਆਂ ਨੂੰ ਲੋਰੀਆਂ, ਲੰਬੀ ਹੇਕ ਵਾਲੇ ਗੀਤ ਤਾਂ ਬੱਚਿਆਂ ਨਾਲ ਸਾਂਝ ਪਾਉਣ ਵਾਲੇ ਪੰਛੀਆਂ ਚਿੜੀਆਂ, ਕੂੰਝਾਂ, ਇੱਲਾਂ, ਚੱਕੀ ਰਾਹਿਆਂ ਤੇ ਹੋਰ ਅਨੇਕਾਂ ਜਾਨਵਰਾਂ ਵਾਂਗ ਅਲੋਪ ਹੋ ਚੁੱਕੇ ਹਨ ਜੋ ਪੁਰਾਤਨ ਸਮੇਂ ਵਿਚ ਪੀੜ੍ਹੀ-ਦਰ-ਪੀੜ੍ਹੀ ਚਲੀ ਆ ਰਹੀ ਪਰੰਪਰਾ ਦਾ ਹਿੱਸਾ ਸਨ। ਅੱਜ ਦੇ ਕਿੱਸੇ ਬਾਪ-ਦਾਦੇ ਨੂੰ ਬੱਚੇ ਦੀ ਕਲਪਨਾ ਸ਼ਕਤੀ ਤੇ ਵਿਵੇਕ ਦਾ ਵਿਕਾਸ ਕਰਨ ਲਈ ਕੋਈ ਕਹਾਣੀ ਨਹੀਂ ਰਹੀ।

ਜ਼ਿੰਦਗੀ ਦੇ ਪਹਿਲੇ ਡੇਢ ਦੋ ਸਾਲ ਬੱਚਾ ਜੋ ਟੀ.ਵੀ. ਤੇ ਦੇਖਦਾ ਹੈ ਉਹ ਅਵਾਜ਼ਾਂ ਉਹ ਦ੍ਰਿਸ਼ ਉਸਦੇ ਬਾਲ ਮਨ ਤੇ ਉਕਰ ਜਾਂਦੇ ਹਨ। ਮਨੋਵਿਗਿਆਨੀਆਂ ਦਾ ਮੱਤ ਹੈ ਕਿ ਬੱਚੇ ਦਾ 90% ਜਾਂ ਇਸ ਤੋਂ ਵੱਧ ਦਿਮਾਗ਼ ਪੰਜ ਸਾਲਾਂ ਦੀ ਉਮਰ ਤੱਕ ਵਿਕਸਤ ਹੋ ਜਾਂਦਾ ਹੈ ਤੇ ਬਾਕੀ 5-10% ਨੇ ਜ਼ਿੰਦਗੀ ਦੇ ਅਨੁਭਵਾਂ ਜਾਂ ਤਜ਼ਰਬਿਆਂ ’ਚੋਂ ਵਿਕਸਤ ਹੋਣਾ ਹੁੰਦਾ ਹੈ। ਹੁਣ ਪਹਿਲਾ ਸਵਾਲ ਕਿ ਬੱਚੇ ਨੂੰ ਪਰਿਵਾਰ ’ਚੋਂ ਸਿੱਖਣ ਲਈ ਕੀ ਮਿਲਿਆ ਟੈਲੀਵਿਜ਼ਨ, ਜਦੋਂ ਬੱਚਾ ਕਿਸੇ ਪੁੱਠੇ ਸਿੱਧੇ ਗੀਤ ਤੇ ਨੱਚਦਾ ਹੈ ਤਾਂ ਮਾਪੇ ਤਾੜੀਆਂ ਮਾਰ-ਮਾਰ ਕੇ ਖੁਸ਼ ਹੁੰਦੇ ਹਨ। ਕਈ ਮਾਂ-ਬਾਪ ਤਾਂ ਬੱਚੇ ਨੂੰ ਗਾਲ ਕੱਢਣੀ ਸਿਖਾ ਕੇ ਉਸਨੂੰ ਉਸਦੀ ਤੋਤਲੀ ਜ਼ੁਬਾਨ ’ਚ ਸੁਣ ਕੇ ਖੀਵੇ ਹੋ ਜਾਂਦੇ ਹਨ। ਕਈ ਬੱਚੇ ਨੂੰ ਸ਼ਰਾਭ ਦੀਆਂ ਦੋ ਚਾਰ ਬੂੰਦਾਂ ਪਿਲਾ ਕੇ ਖੁਸ਼ੀ ਮਹਿਸੂਸ ਕਰਦੇ ਹਨ। ਏਨੇ ਸਮੇਂ ਵਿਚ ਬੱਚੇ ਦੇ ਹੱਥ ਕਿਤਾਬ ਤਾਂ ਆਈ ਹੀ ਨਹੀਂ ਤੇ ਨਾ ਹੀ ਮਾਪਿਆਂ ਨੇ ਉਸ ਨੂੰ ਲਿੱਪੀ ਗਿਆਨ ਦੇ ਕੇ ਸ਼ਬਦਾਂ ਅਤੇ ਹਰਫ਼ਾਂ ਤੋਂ ਵਾਕਫ਼ ਕਰਵਾਇਆ ਤਾਂ ਬੱਚਾ ਕਿਵੇਂ ਪੜ੍ਹੇਗਾ ਭਾਵੇਂ ਉਸਦੇ ਅੱਗੇ ਬਾਲ ਸਾਹਿਤ ਦਾ ਅੰਬਾਰ ਲਗਾ ਦੇਈਏ।

ਮਾਪਿਆਂ ਦੀ ਆਰਥਿਕ ਹਾਲਤ ਅਨੁਸਾਰ ਫਿਰ ਬੱਚਾ ਸਰਕਾਰੀ ਜਾਂ ਪ੍ਰਾਈਵੇਟ ਵਿਚ ਪ੍ਰਵੇਸ਼ ਕਰਦਾ ਹੈ। ਉਸਦੇ ਬਾਲ ਮਨ ਤੇ ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਦੀਆਂ ਤਿੰਨ ਭਾਸ਼ਾਵਾਂ ਤੇ ਹੋਰ ਵਿਸ਼ਿਆਂ ਦਾ ਭਾਰ ਲੱਦ ਦਿੱਤਾ ਜਾਂਦਾ ਹੈ। ਇੰਜ ਅਜਿਹੀ ਪੜ੍ਹਾਈ ਬਾਲ ਮਾਨਸਿਕਤਾ ਤੇ ਬੋਝ ਬਣ ਜਾਂਦੀ ਹੈ। ਇਸ ਤੋਂ ਫੁਰਸਤ ਪਾਉਣ ਲਈ ਉਹ ਕੰਪਿਊਟਰ ਗੇਮਾਂ, ਟੈਲੀਵਿਜ਼ਨ ਵੱਲੋਂ ਕਾਮਿਕਸ ਪੜ੍ਹਨ ਦੀ ਥਾਂ ਦਿਖਾਏ ਜਾਂਦੇ ਸ਼ਕਤੀਮਾਨ, ਅਲਫ ਲੈਲਾ, ਮੋਟੂ ਪਤਲੂ ਵਰਗੇ ਕਾਲਪਨਿਕ ਸੀਰੀਅਲ ਉਸਦੀ ਜਗਿਆਸੂ ਬਿਰਤੀ ਨੂੰ ਤ੍ਰਿਪਤ ਕਰਨ ਲੱਗਦੇ ਹਨ। ਇਹ ਦੇਖ ਕੇ ਜਾਂ ਸਿੱਖ ਕੇ ਕਿਤਾਬਾਂ ਬੱਚਿਆਂ ਨੂੰ ਅਣਚਾਹਿਆ ਬੋਝ ਲੱਗਣ ਲੱਗ ਜਾਂਦੀਆਂ ਹਨ ਕਿਉਂਕਿ ਬੱਚਿਆਂ ਦਾ ਬੌਧਿਕ ਵਿਕਾਸ ਮਾਂ-ਬਾਪ ਨਹੀਂ ਸਗੋਂ ਟੈਲੀਵਿਜ਼ਨ ਨਾਮ ਦਾ ਵਿਗਿਆਨਕ ਯੰਤਰ ਗੈਰਵਿਗਿਆਨਕ ਵਰਤਾਰਾ ਬੱਚੇ ਦੇ ਦਿਮਾਗ਼ ’ਚ ਭਰਦਾ ਹੈ ਤੇ ਬੱਚੇ ਦੇ ਮਨ ’ਚ ਸ਼ਕਤੀਮਾਨ ਜਾਂ ਸਪਾਈਡਰ ਮੈਨ ਵਰਗਾ ਬਣਨ ਦੀਆਂ ਇਛਾਵਾਂ ਲਲਚਾਉਂਦੀਆਂ ਹਨ। ਉਸਨੂੰ ਕਈ ਦਹਾਕਿਆਂ ਤੋਂ ਰੱਟਾਈਆਂ ਜਾ ਰਹੀਆਂ ਥਰਸਟੀ ਕਰੋਅ, ਗਰੀਡੀ ਡੌਗ ਤੇ ਫੌਕਸ ਐਂਡ ਗਰੇਪਸ ਯਾਦ ਕਰਨੀਆਂ ਵੀ ਮਾਨਸਿਕ ਬੋਝ ਲੱਗਦੀਆਂ ਹਨ। ਇੰਜ ਬੱਚਾ ਕਿਤਾਬਾਂ ਵਿਚ ਖਚਤ ਹੋਣ ਦੀ ਥਾਂ ਗੈਰ ਵਿਗਿਆਨਕ ਵਰਤਾਰੇ ਨੂੰ ਆਪਣੀ ਬਾਲਮਾਨਸਿਕਤਾ ਤੇ ਪੱਕੇ ਤੌਰ ’ਤੇ ਵਸਾ ਲੈਂਦਾ ਹੈ। ਉਸਦਾ ਕਰਾਮਾਤਾਂ, ਜਾਦੂ-ਟੂਣਿਆਂ, ਓਪਰੀਆਂ ਸ਼ਕਤੀਆਂ ਤੇ ਤਵੀਤਾਂ ਤੇ ਧਾਗਿਆਂ ਦਾ ਪ੍ਰਭਾਵ ਅਖੌਤੀ ਸਾਧਾਂ ਕੋਲ ਜਾਣ ਤੇ ਜਾ ਕੇ ਚੌਂਕੀਆਂ ਭਰਨ ਦੀ ਪਗਡੰਡੀ ਬਣ ਜਾਂਦੀ ਹੈ। ਇਸਦਾ ਸਿੱਟਾ ਇਹ ਨਿਕਲਦਾ ਹੈ ਕਿ ਮਾਪਿਆਂ ਮਗਰ ਲੱਗ ਕੇ ਬੱਚੇ ਮੱਸਿਆ-ਪੁੰਨਿਆ ਨਹਾਉਂਦੇ ਤੇ ਸ਼ੀਸ਼ੇ ਵਿਚ ਰੱਖੇ ਸੰਤਾਂ ਦੇ ਪਊਣੇ (ਜੁੱਤੀ) ਨੂੰ ਵੀ ਮੱਥਾ ਟੇਕਦੇ ਹਨ ਜਦਕਿ ਗਿਆਨ (ਕਿਤਾਬਾਂ) ਸੜਕਾਂ ਦੇ ਕਿਨਾਰੇ ਬੇਧਿਆਨੀਆਂ ਹੋ ਕੇ ਰੁਲਦੀਆਂ ਹਨ।

ਅਗਲਾ ਸਵਾਲ ਕਿ ਬੱਚੇ ਨੂੰ ਪੁਰਾਣੇ ਅਧਿਆਪਕਾਂ ਵਾਂਗ ਫੱਟੀ ਤੇ ਪੂਰਨੇ ਪਾ ਕੇ ਦੇਣੇ, ਲਗਾਂ ਮਾਤਰਾਂ ਦਾ ਗਿਆਨ ਦੇਣਾ, ਪਹਾੜੇ ਕਹਾਉਣਾ, ਜੈਡ ਅਤੇ ਵੀ ਦੀ ਨਿੱਭ ਨਾਲ ਲਿਖਾਈ ਮੁਸੱਕਤ ਕਰਨ ਦਾ ਹੀ ਕੰਮ ਹੁੰਦਾ ਸੀ। ਹੁਣ ਅਧਿਆਪਕ ਨੂੰ ਸਰਕਾਰੀ ਫੁਰਮਾਨਾਂ ਰਾਹੀਂ ਵੋਟਾਂ ਦੀ ਸੁਧਾਰੀ, ਵੋਟਾਂ ਬਣਾਉਣੀਆਂ, ਵੋਟਾਂ ਪੁਆਉਣੀਆਂ, ਬੇਲੋੜੇ ਸੈਮੀਨਾਰਾਂ ਅਤੇ ਅਵਾਰਾ ਕੁੱਤੇ ਮਾਰਨ ਦੀ ਥਾਂ ਤੇ ਖੁੱਲ੍ਹੇ ’ਚ ਲੈਟਰੀਨ ਜਾਣ ਵਾਲਿਆਂ ਦੇ ਮਗਰ ਜਾ ਕੇ ਉਹਨਾਂ ਨੂੰ ਰੋਕਣਾ, ਜਾਂ ਬੱਸ ਅੱਡੇ ਤੇ ਜਾ ਕੇ ਤੰਬਾਕੂ ਸੇਵਨ ਕਰਨ ਵਾਲਿਆਂ ਨੂੰ ਰੋਕਣਾ ਤੇ ਕਦੇ ਪੰਚਾਇਤੀ ਗਰਾਂਟਾਂ ਦਾ ਹਿਸਾਬ-ਕਿਤਾਬ, ਮਿਡ-ਡੇ-ਮੀਲ ਤੇ ਹੋਰ ਸੈਂਕੜੇ ਕੰਮਾਂ ਵਿਚ ਉਲਝਾ ਕੇ ਅਧਿਆਪਕ ਦੀ ਥਾਂ ਉਸਨੂੰ ਸਰਕਾਰੀ ਫੁਰਮਾਨਾਂ ਦਾ ਭਾਰ ਢੋਣ ਵਾਲਾ ਕੌਮ ਨਿਰਮਾਤਾ ਨਹੀਂ ਸਗੋਂ ਭਾਰ ਢੋਣ ਵਾਲਾ ਜਾਨਵਰ ਬਣਾ ਦਿੱਤਾ ਹੈ। ਅਜਿਹੇ ਕੰਮਾਂ ’ਚ ਉਲਝਿਆ ਅਧਿਆਪਕ ਸਰਕਾਰੀ ਸਕੂਲਾਂ ’ਚ ਪੜ੍ਹ ਰਹੇ ਗਰੀਬ ਅਤੇ ਦਰਮਿਆਨੀ ਆਰਥਿਕਤਾ ਵਾਲੇ ਬੱਚਿਆਂ ਨੂੰ ਕਿਵੇਂ ਪੜ੍ਹਾਏਗਾ? ਕਿਉਂਕਿ ਹੋਰਨਾਂ ਵਿਭਾਗਾਂ ਦੇ ਕੰਮ ਉਸਨੂੰ ਸੌਂਪੇ ਜਾ ਰਹੇ ਹਨ। ਇਸ ਪੱਧਰ ਤੇ ਸਰਕਾਰ ਦੀ ਬਦਨੀਤੀ ਅਧਿਆਪਕ ਤੇ ਬੱਚੇ ਦੇ ਸਬੰਧਾਂ ਨੂੰ ਤੋੜ ਦਿੰਦੀ ਹੈ। ਸਿੱਖਿਆ ਵਿਗਿਆਨੀਆਂ ਦਾ ਮੱਤ ਹੈ ਕਿ ਬੱਚੇ ਨੂੰ ਸਿੱਖਿਆ ਉਸਦੀ ਮਾਂ-ਬੋਲੀ ’ਚ ਦੇਣੀ ਚਾਹੀਦੀ ਹੈ। ਕੀ ਸਰਕਾਰਾਂ ਇਸ ਤੇ ਅਮਲ ਕਰ ਰਹੀਆਂ ਹਨ।

ਦੂਸਰਾ ਸਰਕਾਰ ਦੇ ਆਪਣੇ ਬਣਾਏ ਕਮਿਸ਼ਨਾਂ ਦੀ ਰਿਪੋਰਟ ਹੈ ਕਿ ਸਰਕਾਰਾਂ ਆਪਣੇ ਕੁਝ ਬਜਟ ਦਾ 7% ਸਿੱਖਿਆ ਤੇ ਖਰਚ ਕਰਨ। ਜਦ ਕਿ ਕੇਂਦਰ ਸਰਕਾਰ ਡੇਢ ਦੋ ਪ੍ਰਤੀਸ਼ਤ ਤੇ ਸਾਡੀ ਪੰਜਾਬ ਸਰਕਾਰ ਰੁਪਈਏ ਤੋਂ ਵੀ ਘੱਟ ਪ੍ਰਤੀਸ਼ਤ ਸਿੱਖਿਆ ਤੇ ਖਰਚ ਕਰ ਰਹੀ ਹੈ। ਉਤੋਂ ਸਿਤਮ ਦੀ ਗੱਲ ਦੇਖੋ ਕਿ ਸ਼ਰਾਬ ਤੇ ਸਿੱਖਿਆ ਸੈਸ ਲਗਾ ਰਹੀ ਹੈ ਤੇ ਜਦ ਕਿ 1993-94 ਵਿਚ ਇਸਦੇ ਉਲਟ ਜਾ ਕੇ ‘ਪਾਪਾ ਜੀ ਨਾ ਪੀਓ ਸ਼ਰਾਬ ਮੈਨੂੰ ਲੈ ਦਿਓ ਇਕ ਕਿਤਾਬ’ ਦੇ ਨਾਅਰੇ ਲੁਆ ਕੇ ਸੰਘ ਪੜਵਾ ਰਹੀ ਹੈ। ਵਰਤਮਾਨ ਸਮੇਂ ਦੀ ਕਦੇ ਤੰਬਾਕੂ ਵਿਰੋਧੀ ਤੇ ਕਦੇ ਨਸ਼ਾ ਵਿਰੋਧੀ ਬਾਲ ਰੈਲੀਆਂ ਕਢਵਾ ਰਹੀ ਹੈ।

- ਗੁਰਮੇਲ ਸਿੰਘ ‘ਬੌਡੇ’
ਸਾਹਿਤਕ ਸਲਾਹਕਾਰ: “ਮਹਿਕ ਵਤਨ ਦੀ”
ਆਨਰੇਰੀ ਸੰਪਾਦਕ: “ਦਸਤਕ” ਕੈਨੇਡਾ
Ph.98143-04213
E-Mail: dhaliwal.gurmelbaude@gmail.com



ਕੋਈ ਪੁੱਛਣ ਵਾਲਾ ਹੋਵੇ ਕਿ ਤੰਬਾਕੂ ਅਤੇ ਬੀੜੀਆਂ ਸਿਗਰਟਾਂ ਦੇ ਲਾਈਸੈਂਸ ਕੌਣ ਦਿੰਦਾ ਹੈ ਜਵਾਬ ਹੈ ਕਿ ਸਰਕਾਰ ਦਿੰਦੀ ਹੈ। ਜਿਹੜੀ ਚੀਜ਼ ਦਾ ਸਰਕਾਰ ਟੈਕਸ ਲਗਾ ਕੇ ਖੁਦ ਵਣਜ ਕਰ ਰਹੀ ਹੈ ਉਹ ਬੱਚਿਆਂ ਦੇ ਤੋਤਲੇ ਬੋਲਾਂ ਦੀਆਂ ਰੈਲੀਆਂ ਨਾਲ ਬੰਦ ਹੋ ਜੂ? ਪੰਜਾਬ ਸਰਕਾਰ ਦੇ ਆਪਣੇ ਅੰਕੜੇ ਹਨ ਕਿ ਇਸ ਸਾਲ ਸਰਕਾਰੀ 460 ਸਕੂਲ ਬੰਦ ਹੋਏ ਹਨ ਤੇ ਠੇਕਿਆਂ ਦੀ ਗਿਣਤੀ 1800 ਵਧੀ ਹੈ। ਵੱਡੇ-ਵੱਡੇ ਅੰਮ੍ਰਿਤਧਾਰੀਆਂ ਦੇ ਸ਼ਰਾਬ ਦੇ ਠੇਕੇ ਹਨ। ਉਹਨਾਂ ਦੀਆਂ ਹੀ ਬੱਸਾਂ ਹਨ। ਬਾਬਿਆਂ ਤੇ ਸਿਆਸੀ ਆਗੂਆਂ ਦੇ ਨਿੱਜੀ ਸਕੂਲ ਹਨ। ਫਿਰ ਇਹ ਵਰਤਾਰਾ ਕਿਵੇਂ ਰੁਕ ਜੂ? ਇਸਨੂੰ ਠੱਲ ਪਾਉਣ ਲਈ ਬੱਚੇ ਤੋਂ ਲੈ ਕੇ ਬਿਰਧ ਦੇ ਹੱਥ ਵਿਚ ਕਿਤਾਬ ਆਉਣੀ ਚਾਹੀਦੀ ਹੈ। ਇਸ ਗੱਲ ਦਾ ਗਿਆਨ ਸਰਕਾਰਾਂ ਨੂੰ ਵੀ ਹੈ ਕਿ ਜੇ ਸਮਾਜ ਦੇ ਲੋਕ ਕਿਤਾਬਾਂ ਪੜ੍ਹ ਕੇ ਸੂਝਵਾਨ ਬਣ ਗਏ ਤਾਂ ਉਹਨਾਂ ਦੀ ਖੈਰ ਨਹੀਂ। ਫਿਰ ਉਹ ਸਾਧਾਂ ਕੋਲੋਂ, ਬਾਬਿਆਂ ਕੋਲੋਂ ਰੈਡੀਮੇਡ ਵੋਟਾਂ ਕਿਥੋਂ ਲੈਣਗੇ। ਫਿਰ ਉਹ ਪੈਸੇ ਵੰਡ ਕੇ, ਸ਼ਰਾਬ ਵੰਡ ਕੇ, ਏਥੋਂ ਤੱਕ ਕਿ ਚਿੱਟੇ ਵਰਗਾ ਜ਼ਹਿਰੀਲਾ ਨਸ਼ਾ ਵੰਡ ਕੇ ਵੋਟਾਂ ਕਿਵੇਂ ਪ੍ਰਾਪਤ ਕਰਨਗੇ?

ਕਿਤਾਬ ਸੱਭਿਆਚਾਰ ਨੂੰ ਖਤਮ ਕਰਨ ਲਈ ਸਰਕਾਰ ਦੀ ਅਗਲੀ ਨੀਤੀ ਇਹ ਹੈ ਕਿ ਪਹਿਲੀ ਤੋਂ ਲੈ ਕੇ ਅੱਠਵੀਂ ਤੱਕ ਬੱਚਾ ਭਾਵੇਂ ਸਕੂਲ ਆਵੇ ਜਾਂ ਨਾ ਆਵੇ ਉਹ ਫੇਲ੍ਹ ਨਹੀਂ ਕਰਨਾ ਜੇ ਇੰਜ ਹੀ ਕਰਨਾ ਹੈ ਤਾਂ ਇਮਤਿਹਾਨਾਂ ਦੀ ਕੀ ਕੀਮਤ ਰਹਿ ਗਈ। ਬੱਚੇ ਨੂੰ ਵੀ ਪਤਾ ਲੱਗ ਜਾਂਦਾ ਹੈ ਕਿ ਪਹਿਲੀ ਤੋਂ ਲੈ ਕੇ ਅੱਠਵੀਂ ਤੱਕ ਤਾਂ ਪਾਸ ਹੋਣ ਦਾ ਲਾਈਸੈਂਸ ਸਰਕਾਰ ਨੇ ਦੇ ਦਿੱਤਾ ਹੈ ਤਾਂ ਫਿਰ ਉਹ ਅੱਖਰ ਗਿਆਨ ਵੱਲ ਸਿੱਖਿਆ ਵੱਲ ਕਦੋਂ ਮੁੜੇਗਾ? ਜਦ ਬੱਚਾ ਨੌਵੀਂ ਜਮਾਤ ਵਿਚ ਜਾਂਦਾ ਹੈ ਤਾਂ ਉਹ 14-15 ਸਾਲ ਦਾ ਹੋ ਜਾਂਦਾ ਹੈ। ਉਸ ਵਿਚ ਸਰੀਰਕ-ਮਾਨਸਿਕ ਤੇ ਸੰਵੇਗਾਤਮਿਕ ਕੁਦਰਤੀ ਤਬਦੀਲੀਆਂ ਆਉਣੀਆਂ ਸ਼ੁਰੂ ਹੋ ਜਾਂਦੀਆਂ ਹਨ। ਵਿਰੋਧੀ ਸੈਕਸ ਪ੍ਰਤੀ ਖਿੱਚ ਨੂੰ ਟੈਲੀਵਿਜ਼ਨ ਤੇ ਚੱਲ ਰਹੇ ਲੱਚਰ ਗੀਤ ਬਲਦੀ ਤੇ ਤੇਲ ਪਾਉਂਦੇ ਹਨ। ਬੱਚੇ ਪੜ੍ਹਾਈ ਦੇ ਥਾਂ ਮਾਂ-ਬਾਪ ਜਾਂ ਅਧਿਆਪਕ ਦਾ ਪ੍ਰਭਾਵ ਕਬੂਲਣ ਦੀ ਥਾਂ ਟੈਲੀਵਿਜ਼ਨ, ਮੋਬਾਇਲਾਂ ਦੀਆਂ ਰਿੰਗ ਟੋਨਾਂ ਜਾਂ ਇੰਟਨਰੈਟ ਜਾਂ ਵੱਟਸ-ਅੱਪ ਤੇ ਪਈਆਂ ਅਸ਼ਲੀਲ ਵੀਡੀਓਜ਼ ਵੱਲ ਖਿੱਚਿਆ ਜਾਂਦਾ ਹੈ। ਜਦ ਉਹ ਵੱਡੀਆਂ ਕਲਾਸਾਂ ਵਿਚ ਜਾਂਦਾ ਹੈ ਤਾਂ ਕਈ ਬੱਚਿਆਂ ਨੂੰ ਨਾ ਤਾਂ ਮਾਂ-ਬੋਲੀ ਪੜ੍ਹਨੀ ਲਿਖਣੀ ਆਉਂਦੀ ਹੈ। ਕਈ ਵਾਰ ਤਾਂ ਸਥਿਤੀ ਅਜਿਹੀ ਆ ਜਾਂਦੀ ਹੈ ਕਿ ਬੱਚੇ ਨੂੰ ਅੰਗਰੇਜ਼ੀ, ਹਿੰਦੀ ਜਾਂ ਪੰਜਾਬੀ ਦੀ ਪੁਸਤਕ ਪੜ੍ਹਨੀ ਤਾਂ ਇਕ ਪਾਸੇ ਆਪਣਾ ਨਾਮ ਵੀ ਨਹੀਂ ਲਿਖਣਾ ਆਉਂਦਾ। ਉਥੇ ਅਧਿਆਪਕ ਫੇਰ ਮੱਥਾ ਫੜ ਕੇ ਬੈਠਦਾ ਹੈ ਕਿ ਉਹ ਉਸਨੂੰ ਫੱਟੀ ਤੇ ੳ, ਅ, ੲ ਜਾਂ ਰਾਮ ਘਰ ਚੱਲ ਜਾਂ ਪਹਾੜੇ ਲਿਖਣਾ ਸਿਖਾਵੇ ਜਾਂ ਸਿਲੇਬਸ ਦੀਆਂ ਕਿਤਾਬਾਂ ਪੜ੍ਹਾਵੇ।

ਅਜਿਹੀ ਹਾਲਤ ’ਚ ਜੇ ਬੱਚੇ ਸਕੂਲ ਛੱਡ ਜਾਂਦੇ ਹਨ ਤਾਂ ਦੋਸ਼ੀ ਅਧਿਆਪਕ ਨੂੰ ਮੰਨਿਆ ਜਾਂਦਾ ਹੈ ਕਿ ਬੱਚਿਆਂ ਦੀ ਗਿਣਤੀ ਕਿਉਂ ਘਟੀ? ਏਹੀ ਬੱਚੇ 18-20 ਸਾਲ ਦੀ ਉਮਰ ’ਚ ਆਪਣੇ ਸ਼ੌਕ ਪੂਰੇ ਕਰਨ ਲਈ ਰਾਜਸੀ ਪਾਰਟੀਆਂ ਦੇ ਦੁੰਮ ਛੱਲੇ ਬਣ ਜਾਂਦੇ ਹਨ। ਸ਼ਰਾਬਾਂ, ਪੈਸੇ ਤੇ ਹੋਰ ਨਸ਼ੇ ਸੇਵਨ ਕਰਨ ਵਾਲੇ ਪਾਰਟੀ ਕੇਡਰ ਬਣ ਕੇ ਰਹਿ ਜਾਂਦੇ ਹਨ। ਇੰਜ ਗਰੀਬਾਂ ਘਰਾਂ ਵਿਚ ਵੋਟਾਂ ਹੀ ਜਨਮ ਲੈਂਦੀਆਂ ਹਨ ਤੇ ਵੋਟਾਂ ਹੀ ਖੁਦਕਸ਼ੀਆਂ ਕਰਕੇ, ਬੇਰੁਜ਼ਗਾਰੀ ਕਰਕੇ ਗਰੀਬੀ ਕਰਕੇ ਮਰਦੀਆਂ ਹਨ ਤੇ ਸਿਆਸਤਦਾਨਾਂ ਦੇ ਕੰਨੀਂ ਜੂੰ ਨਹੀਂ ਸਰਕਦੀ। ਕਿਉਂਕਿ ਉਹ ਪੜ੍ਹੇ-ਲਿਖੇ ਅਨਪੜ੍ਹ ਸਿਰਜ ਰਹੀ ਹੈ ਅਜਿਹੀ ਸਥਿਤੀ ਵਿਚ ਪੁਸਤਕ ਸੱਭਿਆਚਾਰ ਕਿਵੇਂ ਵਿਕਸਤ ਹੋ ਜੂ? ਲੇਖਕ ਜਿੰਨਾ ਮਰਜ਼ੀ ਪਾਇਦਾਰ ਲਿਖੀ ਜਾਣ ਪਾਠਕ ਵਧ ਹੀ ਨਹੀਂ ਸਕਦੇ। ਪਾਠਕ ਲੋਕ ਤਾਂ ਆਪਣੀਆਂ ਗੁਰਬਤਾਂ ਦੇ ਮਾਰੇ ਮੱਸਿਆ-ਪੁੰਨਿਆਂ ਨਹਾਉਣ ਤੇ ਬਾਬਿਆਂ ਦੀਆਂ ਚੌਂਕੀਆਂ ਭਰਨ ਵਾਲੇ ਕੱਚਾ ਮਾਲ ਬਣ ਕੇ ਰਹਿ ਜਾਂਦੇ ਹਨ। ਸਾਡੀ ਸਿੱਖਿਆ ਪ੍ਰਣਾਲੀ ਵਧੀਆ ਮਨੁੱਖ ਨਹੀਂ ਸਿਰਜ ਰਹੀ ਸਗੋਂ ਕਾਰਪੋਰੇਟ ਅਦਾਰਿਆਂ ਲਈ ਸੰਦ (ਮਸ਼ੀਨਾਂ ਚਲਾਉਣ) ਵਾਲੇ ਸਿਰਜ ਰਹੀ ਹੈ।

ਇਸ ਵਰਤਾਰੇ ’ਚੋਂ ਕੁਝ ਲਾਇਕ ਬੱਚੇ ਜੋ ਪੜ੍ਹ ਲਿਖ ਕੇ ਇੰਜੀਨੀਅਰ ਦਾ ਐਮ.ਬੀ.ਬੀ.ਐਸ. ਦਾ ਕੋਰਸ ਕਰਕੇ ਨੌਕਰੀ ਤੇ ਲੱਗ ਜਾਂਦੇ ਹਨ ਤਾਂ ਸਰਕਾਰ ਠੇਕਾ ਪ੍ਰਣਾਲੀ (ਕੰਟਰੈਕਟ ਪਾਲਿਸੀ) ਤਹਿਤ ਪੰਦਰਾਂ ਵੀਹ ਹਜ਼ਾਰ ਤਨਖਾਹ ਦੇ ਕੇ ਪੜ੍ਹਾਈ ਤੇ ਖਰਚੇ ਕਰੋੜਾਂ ਰੁਪਈਆ ਦਾ ਮੁੱਲ ਪਾਉਂਦੀ ਹੈ। ਅਜਿਹੀ ਸਥਿਤੀ ਵਿਚ ਪੜ੍ਹਾਈ ਵਿਚ ਬੌਧਿਕ ਪੱਖੋਂ ਤੇਜ ਵਿਦਿਆਰਥੀ ਆਈਲੈਟਸ ਕਰਕੇ ਬੀ.ਐਸ.ਸੀ. ਨਰਸਿੰਗ ਡੈਂਟਲ ਸਰਜਨ ਬਣ ਕੇ ਇੰਗਲੈਂਡ, ਆਸਟਰੇਲੀਆ, ਜਰਮਨੀ, ਕੈਨੇਡਾ, ਅਮਰੀਕਾ ਵੱਲ ਜਾ ਰਹੇ ਹਨ। ਤਕਨੀਕੀ ਕਾਲਜਾਂ ਦੀਆਂ ਸੀਟਾਂ ਪੂਰੀਆਂ ਨਹੀਂ ਹੁੰਦੀਆਂ। ਇੰਜ ਸਾਡੇ ਦੇਸ਼ ’ਚੋਂ (ਬਰੇਨ ਡਰੇਨ) ਬੌਧਿਕਤਾ ਦਾ ਨਿਕਾਸ ਬਾਹਰਲੇ ਮੁਲਕਾਂ ਵੱਲ ਹੋ ਰਿਹਾ ਹੈ ਤੇ ਸਾਡੇ ਸਧਾਰਨ ਲੋਕ ਚੰਗੀਆਂ ਸਿਹਤ ਸਹੂਲਤਾਂ, ਚੰਗੇ ਸਫ਼ਰ ਲਈ ਵਧੀਆ ਸੜਕਾਂ, ਵਧੀਆ ਨਹਿਰਾਂ ਕੱਸ਼ੀਆਂ ਸੂਏ ਨਾਲਿਆਂ ਤੋਂ ਅਤੇ ਚੰਗੀਆਂ ਸੜਕਾਂ ਤੋਂ ਵਾਂਝੇ ਰਹਿ ਜਾਂਦੇ ਹਨ। ਪਿੰਡਾਂ ਦੇ ਉੱਦਮੀ ਨੌਜਵਾਨ ਕਿਸੇ ਗੰਭੀਰ ਹਾਲਤ ਦੇ ਮਰੀਜ਼ ਨੂੰ ਹਸਪਾਤਲ ਲਿਜਾਣ ਲਈ ਖੁਦ ਐਬੂਲੈਂਸ ਖਰੀਦ ਰਹੇ ਹਨ। ਸਕੂਲਾਂ ਦੀਆਂ ਖਸਤਾ ਹੋ ਚੁੱਕੀਆਂ ਇਮਾਰਤਾਂ ਨੂੰ ਦਾਨ ਦੇ ਕੇ ਬਣਵਾ ਰਹੇ ਹਨ ਤੇ ਲਾਇਬਰੇਰੀਆਂ ਰਹੇ ਹਨ। ਸੋਲਰ ਲਾਈਟਾਂ ਲੁਆ ਰਹੇ ਹਨ। ਖੇਡ ਮੈਦਾਨ ਬਣਾ ਰਹੇ ਹਨ ਤਾਂ ਫਿਰ ਸਰਕਾਰ ਦਾ ਕੀ ਫਰਜ਼ ਰਹਿ ਗਿਆ ਜਦਕਿ ਸਰਕਾਰਾਂ ਦੇ ਕਰਨ ਵਾਲੇ ਕੰਮ ਤਾਂ ਅਸੀਂ ਆਪਣੇ ਜ਼ੁੰਮੇ ਲੈ ਚੁੱਕੇ ਹਾਂ। ਕੀ ਇਹ ਅੱਛੇ ਦਿਨਾਂ ਦੀ ਨਿਸ਼ਾਨੀ ਹੈ। ਮੋਦੀ-ਮੋਦੀ ਦੀਆਂ ਕੂਕਾਂ ਮਾਰਨ ਵਾਲੇ ਵਿਦੇਸ਼ੀ ਆਪਣੀ ਪੀੜ੍ਹੀ ਹੇਠ ਸੋਟਾ ਫੇਰਨ ਕਿ ਉਹ ਅਜਿਹੇ ਲੋਕ ਦੁਸ਼ਮਣ ਲੀਡਰਾਂ ਨੂੰ ਉਤਸ਼ਾਹਿਤ ਕਿਉਂ ਕਰ ਰਹੇ ਹਨ। ਜੋ ਉਹਨਾਂ ਦੇ ਦੇਸ਼ਵਾਸੀਆਂ ਦੇ ਭਵਿੱਖ ਨਾਲ ਖਿਲਵਾੜ ਕਰ ਰਹੇ ਹਨ।

ਅਜਿਹੇ ਬੁੱਧੀਹੀਣ ਲੋਕਾਂ ਤੋਂ ਆਸ ਹੀ ਨਹੀਂ ਰੱਖੀ ਜਾ ਸਕਦੀ ਕਿ ਉਹ ਆਪਣੇ ਦੇਸ਼ ਵਾਸੀਆਂ ਦੀ ਜੂਨ ਕੱਟਣ ਲਈ ਗ਼ਦਰੀ ਬਾਬੇ ਜਾਂ ਭਗਤ ਸਰਾਭੇ ਬਣ ਕੇ, ਊਧਮ ਸਿੰਘ ਬਣ ਕੇ ਗ਼ੈਰਤ ਤੇ ਅਣਖ਼ ਦਾ ਝੰਡਾ ਬੁਲੰਦ ਕਰਨਗੇ। ਉਹ ਤਾਂ ਕਬੱਡੀ ਟੂਰਨਾਮੈਂਟ ਜਾਂ ਲੱਚਰ ਗਾਇਕਾਂ ਦੇ ਅਖਾੜੇ ਲੁਆ ਕੇ ਆਪਣੇ ਆਪ ਨੂੰ ਭਾਰਤੀ ਜਾਂ ਪੰਜਾਬੀਅਤ ਦੇ ਮੁਦੱਈ ਹੋਣ ਦਾ ਭਰਮ ਪਾਲ ਰਹੇ ਹਨ। ਉਹ ਇਹ ਨਹੀਂ ਸੋਚਦੇ ਕਿ ਜਿੰਨਾਂ ਮੁਲਕਾਂ ’ਚ ਉਹ ਰਹਿ ਰਹੇ ਹਨ ਉਹਨਾਂ ਮੁਲਕਾਂ ’ਚ ਉਹਨਾਂ ਦੀ ਆਪਣੀ ਜਵਾਨੀ ਵੀ ਹੈ ਜੋ ਉਹਨਾਂ ਨੇ ਰੁਜ਼ਗਾਰ ਤੇ ਲਗਾਉਣੀ ਹੈ? ਪੱਛਮੀ ਮੁਲਕ ਜਾਂ ਖਾੜੀ ਮੁਲਕ ਕਿੰਨਾ ਕੁ ਚਿਰ ਸਾਡੀ ਬੇਰੁਜ਼ਗਾਰ ਨੌਜਵਾਨੀ ਦਾ ਭਾਰ ਢੋਣਗੇ? ਫਿਰ ਇਕ ਅਜਿਹੀ ਸਮਾਜਿਕ, ਪਰਿਵਾਰਕ ਤੇ ਸਰਕਾਰੀ ਵਿਦਿਅਕ ਨੀਤੀਆਂ ਦੀ ਅਇਜਹੀ ਕੜੀ ਹੈ ਜੋ ਮਨੁੱਖ ਨੂੰ ਵਧੀਆ ਮਨੁੱਖ ਬਣਨ ਵਾਲੇ ਪਾਸੇ, ਸਾਹਿਤ ਦੇ ਵਧੀਆ ਪਾਠਕ ਬਣਨ ਵਾਲੇ ਪਾਸੇ ਤੋਰ ਹੀ ਨਹੀਂ ਰਹੀ ਸਗੋਂ ਜਾਨਵਰਾਂ ਵਰਗੀ ਜਹਿਨੀਅਤ ਵੱਲ ਧੱਕ ਰਹੀ ਹੈ।

ਫਰਜ਼ ਕਰੋ ਦੱਸਵੀਂ ਜਾਂ +2 ਕਰਨ ਵਾਲੀਆਂ ਗਰੀਬ ਲੜਕੀਆਂ ਜੋ ਮਾਂ-ਬਾਪ ਦੀ ਕਿਸੀ ਗੰਭੀਰ ਬੀਮਾਰੀ ਦਾ ਇਲਾਜ ਕਰਵਾਉਣ ਲਈ ਵਿਆਹਾਂ-ਸ਼ਾਦੀਆਂ ਤੇ ਸੱਭਿਆਚਾਰਕ ਗਰੁੱਪਾਂ ਦੇ ਨਾਂ ਹੇਠ ਅਧਨੰਗੀਆਂ ਹੋ ਕੇ ਨੱਚ ਰਹੀਆਂ ਹਨ ਜਾਂ ਸ਼ਰਾਬਖਾਨਿਆਂ ਵਿਚ ਭੜਕਾਊ ਕੱਪੜੇ ਪਾ ਕੇ ਡਰਿੰਕ ਸਰਵ ਕਰ ਰਹੀਆਂ ਹਨ ਕੀ ਉਹਨਾਂ ਨਾਲ ਕੋਈ ਸ਼ਾਦੀ ਕਰਵਾਏਗਾ? ਜੇ ਇਸਦਾ ਜਵਾਬ ਨਹੀਂ ਹੈ ਤਾਂ ਅਗਲਾ ਸਵਾਲ ਕਿ ਕੀ ਉਹ ਇਸ ਦੇਸ਼ ਦੀ ਅਸਮਤ ਨਹੀਂ ਹਨ ਜਿਸ ਦੀਆਂ ਅਸੀਂ ਡੀਂਗਾਂ ਮਾਰਦੇ ਹਾਂ ਕਿ ਸਾਡੇ ਵੱਡ-ਵਡੇਰੇ ਅਬਦਾਲੀ ਕੋਲੋਂ ਕਾਬਲ-ਕੰਧਾਰ ’ਚ ਟਕੇ-ਟਕੇ ਨੂੰ ਵਿਕ ਰਹੀਆਂ ਅਸਮਤਾਂ ਨੂੰ ਬਚਾ ਕੇ ਲਿਆਉਂਦੇ ਰਹੇ ਸਨ। ਅੱਜ ਅਸੀਂ ਖੁਦ ਹੀ ਉਹਨਾਂ ਨੂੰ ਟਕੇ-ਟਕੇ ਵਾਸ਼ਨਾਂ ਦੀ ਪੂਰਤੀ ਕਰ ਰਹੇ ਹਾਂ। ਇਹਨਾਂ ਪੜ੍ਹੀਆਂ ਜਾਂ ਅਧ-ਪੜ੍ਹੀਆਂ ਅਸਮਤਾਂ ਦੀ ਜ਼ਿੰਦਗੀ ਕਾਲ ਗਰਲਜ਼ ਦੀ ਹਨ੍ਹੇਰੀ ਕੋਠੜੀ ’ਚ ਖਤਮ ਹੁੰਦੀ ਹੈ। ਜੋ ਹਰ ਰਾਤ ਸੁਹਾਗਣ ਤੇ ਹਰ ਸਵੇਰ ਵਿਧਵਾ ਵਾਲਾ ਸੰਤਾਪ ਭੋਗਦੀਆਂ ਹਨ।

ਜੇ ਚੰਗਾ ਸਾਹਿਤ ਪੜ੍ਹਕੇ ਸਿਹਤਮੰਦ ਸਮਾਜ ਸਿਰਜਿਆ ਜਾਵੇਗਾ ਤਾਂ ਉਸ ਵਿਚ ਇਹ ਅਲਾਮਤਾਂ ਨਹੀਂ ਹੋਣਗੀਆਂ।

(ਚੱਲਦਾ)